**This guidance was withdrawn on 1 April 2022**

The information in this guidance has been superseded by Infection prevention and control in adult social care: COVID-19 supplement.

Department
of Health &
Social Care

# ਕੋਵਿਡ-19 'ਤੇ ਪ੍ਰਤਿਕਿਰਿਆ ਕਰਨੀ

## ਬਾਲਗ ਸਮਾਜਕ ਦੇਖਭਾਲ ਲਈ ਨੈਤਿਕਤਾ ਢਾਂਚਾ

12/03/2020

# ਸਮੱਗਰੀ

ਭੂਮਿਕਾ ........ 2
ਢਾਂਚੇ ਨੂੰ ਕਿਵੇਂ ਵਰਤਣਾ ਹੈ ........ 3
ਕਦਰਾਂ ਕੀਮਤਾਂ ਅਤੇ ਸਿਧਾਂਤ ........ 4
1. ਆਦਰ ........ 4
2. ਉਚਿਤਤਾ ........ 5
3. ਨੁਕਸਾਨ ਨੂੰ ਘੱਟੋ-ਘੱਟ ਕਰਨਾ ........ 5
4. ਸ਼ਮੂਲੀਅਤ ........ 6
5. ਜਵਾਬਦੇਹੀ ........ 6
6. ਲਚਕਤਾ ........ 7
7. ਅਨੁਪਾਤਕਤਾ ........ 8
8. ਭਾਈਚਾਰਾ ........ 8

# ਭੂਮਿਕਾ

ਵਰਤਮਾਨ ਨੋਵਲ ਕੋਰੋਨਾਵਾਇਰਸ (ਕੋਵਿਡ-19) ਦਾ ਪ੍ਰਕੋਪ, ਜੋ ਕਿ ਦਸੰਬਰ 2019 ਵਿੱਚ ਸ਼ੁਰੂ ਹੋਇਆ ਸੀ, ਦੇ ਯੂਕੇ ਵਿੱਚ ਸਿਹਤ ਅਤੇ ਦੇਖਭਾਲ ਸੇਵਾਵਾਂ ਲਈ ਵੱਡੇ ਪ੍ਰਭਾਵ ਪੈਣਗੇ। ਜਿਵੇਂ ਕਿ 3 ਮਾਰਚ 2020 ਨੂੰ ਪ੍ਰਕਾਸ਼ਿਤ ਕੋਰੋਨਾਵਾਇਰਸ ਕਾਰਵਾਈ ਯੋਜਨਾ ਵਿੱਚ ਦੱਸਿਆ ਗਿਆ ਹੈ, ਯੂਕੇ ਦੀਆਂ ਸਿਹਤ ਅਤੇ ਸਮਾਜਕ ਦੇਖਭਾਲ ਪ੍ਰਣਾਲੀਆਂ ਨੇ ਬਹੁਤ ਸਾਲਾਂ ਤੋਂ ਮਹਾਂਮਾਰੀ ਲਈ ਵਿਸਤ੍ਰਿਤ ਯੋਜਨਾਬੰਦੀ ਕੀਤੀ ਹੈ ਅਤੇ ਜਨਤਾ ਨੂੰ ਲੋੜੀਂਦੀ ਸੁਰੱਖਿਆ ਮੁਹੱਈਆ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ। ਬੇਸ਼ਕ, ਜਿਵੇਂ-ਜਿਵੇਂ ਇਸ ਬਾਰੇ ਸਾਡੀ ਸਮਝ ਵਿਕਸਿਤ ਹੁੰਦੀ ਹੈ, ਕੋਵਿਡ-19 'ਤੇ ਸਹੀ ਪ੍ਰਤਿਕਿਰਿਆ ਨੂੰ ਖ਼ਤਰੇ ਦੀ ਪ੍ਰਕਿਰਿਤੀ, ਪੈਮਾਨੇ ਅਤੇ ਸਥਾਨ ਦੇ ਅਨੁਕੂਲ ਬਣਾਇਆ ਜਾਵੇਗਾ।

ਸਥਾਨਕ ਅਥਾਰਟੀ ਅਤੇ ਵਿਆਪਕ ਸਿਹਤ ਅਤੇ ਦੇਖਭਾਲ ਕਰਮਚਾਰੀਆਂ ਨੂੰ ਹਰ ਰੋਜ਼ ਮੁਸ਼ਕਲ ਫੈਸਲਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿਵੇਂ-ਜਿਵੇਂ ਕੋਵਿਡ-19 ਵਿਕਸਿਤ ਹੁੰਦਾ ਹੈ ਇਸਦੇ ਲਈ ਯੋਜਨਾ ਬਣਾਉਣ ਅਤੇ ਇਸ 'ਤੇ ਪ੍ਰਤਿਕਿਰਿਆ ਕਰਨ ਲਈ ਸੀਮਿਤ ਸਮੇਂ, ਸਰੋਤਾਂ ਜਾਂ ਜਾਣਕਾਰੀ ਦੇ ਨਾਲ ਨਵੇਂ ਅਤੇ ਅਸਧਾਰਨ ਦਬਾਅ ਹੇਠ ਮੁਸ਼ਕਲ ਫੈਸਲੇ ਲੈਣ ਦੀ ਲੋੜ ਹੋਵੇਗੀ। ਇਹ ਫੈਸਲੇ ਨਿੱਜੀ, ਸਾਡੇ ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਨਾਲ ਸੰਬੰਧਿਤ ਹੋ ਸਕਦੇ ਹਨ, ਜਾਂ ਸਾਡੇ ਸਿਹਤ ਅਤੇ ਦੇਖਭਾਲ ਸੇਵਾਵਾਂ ਦੇ ਗਠਨ ਅਤੇ ਸਪੁਰਦਗੀ 'ਤੇ ਵਿਆਪਕ ਪ੍ਰਭਾਵ ਪਾ ਸਕਦੇ ਹਨ। ਫੈਸਲੇ, ਕਾਨੂੰਨਾਂ ਅਤੇ ਉਸ ਸਮੇਂ ਜਾਰੀ ਅਤੇ ਲਾਗੂ ਹੋਣ ਵਾਲੇ ਅਧਿਕਾਰਤ ਸੇਧ ਅਨੁਸਾਰ, ਅਤੇ ਕਾਨੂੰਨੀ ਫ਼ਰਜ਼ਾਂ ਅਤੇ ਪੇਸ਼ੇਵਰ ਜ਼ਿੰਮੇਵਾਰੀਆਂ ਨੂੰ ਪੂਰਾ ਕਰਦੇ ਹੋਏ ਲੈਣ ਦੀ ਲੋੜ ਹੋਏਗੀ।

ਇਹ ਢਾਂਚਾ ਚੱਲ ਰਹੀ ਪ੍ਰਤਿਕਿਰਿਆ ਦੀ ਯੋਜਨਾਬੰਦੀ ਅਤੇ ਫੈਸਲੇ ਲੈਣ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਬਾਲਗਾਂ ਲਈ ਸਮਾਜਕ ਦੇਖਭਾਲ ਦਾ ਪ੍ਰਬੰਧ ਕਰਨ ਅਤੇ ਦੇਣ ਵੇਲੇ ਨੈਤਿਕ ਕਦਰਾਂ ਕੀਮਤਾਂ ਅਤੇ ਸਿਧਾਂਤਾਂ ਦੀ ਇੱਕ ਲੜੀ 'ਤੇ ਪੂਰਾ ਧਿਆਨ ਦਿੱਤਾ ਜਾਵੇ। ਵੱਧ ਰਹੇ ਦਬਾਅ ਅਤੇ ਉਮੀਦ ਕੀਤੀ ਜਾਂਦੀ ਮੰਗ ਨੂੰ ਦੇਖਦਿਆਂ, ਇਸ ਬਾਰੇ ਚੁਣੌਤੀਪੂਰਨ ਫੈਸਲੇ ਲੈਣ, ਕਿ ਸਰੋਤਾਂ ਨੂੰ ਉੱਥੇ ਕਿਵੇਂ ਮੁੜ-ਨਿਰਦੇਸ਼ਿਤ ਕਰਨਾ ਹੈ ਜਿੱਥੇ ਉਹਨਾਂ ਦੀ ਸਭ ਤੋਂ ਵੱਧ ਲੋੜ ਹੈ ਅਤੇ ਵਿਅਕਤੀਗਤ ਦੇਖਭਾਲ ਦੀਆਂ ਲੋੜਾਂ ਨੂੰ ਪਹਿਲ ਦੇਣ ਦੀ ਲੋੜ ਹੋ ਸਕਦੀ ਹੈ। ਇਸ ਢਾਂਚੇ ਦਾ ਮਕਸਦ ਇਸ ਤਰ੍ਹਾਂ ਦੇ ਫੈਸਲਿਆਂ ਲਈ ਇੱਕ ਮਾਰਗ ਦਰਸ਼ਕ ਵਜੋਂ ਕੰਮ ਕਰਨਾ ਅਤੇ ਇਸ ਗੱਲ ਨੂੰ ਹੋਰ ਮਜ਼ਬੂਤ ਕਰਨਾ ਹੈ ਕਿ ਫੈਸਲੇ ਲੈਣ ਵੇਲੇ ਹਮੇਸ਼ਾਂ, ਹੋਣ ਵਾਲੇ ਕਿਸੇ ਵੀ ਸੰਭਾਵਿਤ ਨੁਕਸਾਨ, ਅਤੇ ਸਾਰੇ ਵਿਅਕਤੀਆਂ ਦੀਆਂ ਲੋੜਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਜਾਵੇ। ਸਾਰੇ ਵਿਅਕਤੀਆਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰਿਆਂ ਦੇ ਨਾਲ-ਨਾਲ ਪੇਸ਼ੇਵਰਾਂ ਅਤੇ ਵਾਲੰਟੀਅਰਾਂ, ਜਿਨ੍ਹਾਂ 'ਤੇ ਅਸੀਂ ਆਪਣੀਆਂ ਸੇਵਾਵਾਂ ਅਤੇ ਅਭਿਲਾਸ਼ਾਵਾਂ ਨੂੰ ਯਕੀਨੀ ਬਣਾਉਣ ਲਈ ਨਿਰਭਰ ਕਰਾਂਗੇ, ਨੂੰ ਵੀ ਬਰਾਬਰ ਦਾ ਧਿਆਨ ਅਤੇ ਸਤਿਕਾਰ ਦਿੱਤਾ ਜਾਣਾ ਚਾਹੀਦਾ ਹੈ।

ਜਿਵੇਂ ਕਿ ਪ੍ਰਕੋਪ ਸਮੁੱਚੇ ਤੌਰ 'ਤੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ, ਚੱਲ ਰਹੇ ਅਤੇ ਭਵਿੱਖ ਦੀ ਪ੍ਰਤਿਕਿਰਿਆ ਦਾ ਸਮਰਥਨ ਕਰਨ ਵਿੱਚ ਹਰ ਕਿਸੇ ਦੀ ਆਪਣੀ ਭੂਮਿਕਾ ਹੋਵੇਗੀ। ਇਹ ਬਹੁਤ ਮਹੱਤਵਪੂਰਨ ਹੈ ਕਿ ਪੇਸ਼ੇਵਰ, ਸੰਗਠਨ ਅਤੇ ਜਨਤਕ ਏਜੰਸੀਆਂ ਸਥਾਨਕ ਅਤੇ ਰਾਸ਼ਟਰੀ ਪੱਧਰ 'ਤੇ ਮਿਲ ਕੇ ਕੰਮ ਕਰਨ, ਅਤੇ ਰਾਸ਼ਟਰੀ, ਖੇਤਰੀ ਅਤੇ ਸਥਾਨਕ ਪੱਧਰ 'ਤੇ ਯੋਜਨਾਬੰਦੀ ਅਤੇ ਪ੍ਰਤਿਕਿਰਿਆ ਦੀਆਂ ਗਤੀਵਿਧੀਆਂ ਵਿੱਚ ਚੰਗਾ ਤਾਲਮੇਲ ਹੋਵੇ। ਇਸ ਬਾਰੇ ਉਚਿਤ ਰਿਕਾਰਡ ਰੱਖਣੇ ਲਾਜ਼ਮੀ ਹਨ ਕਿ ਕਿਹੜੇ ਫੈਸਲੇ ਲਏ ਜਾਂਦੇ ਹਨ ਅਤੇ ਉਹਨਾਂ ਲਈ ਸਪਸ਼ਟੀਕਰਨ ਕੀ ਹੈ, ਤਾਂ ਜੋ ਜਵਾਬਦੇਹੀ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਇਸ ਤੋਂ ਮਿਲੀ ਜਾਣਕਾਰੀ ਨੂੰ ਪ੍ਰਕੋਪ ਦੇ ਸਮੇਂ ਅਤੇ ਇਸਦੇ ਵਿਕਸਿਤ ਹੋਣ ਵੇਲੇ ਦੂਜਿਆਂ ਨਾਲ ਸਾਂਝਾ ਕੀਤਾ ਜਾ ਸਕੇ।

ਇਹ ਦਸਤਾਵੇਜ਼ ਸਭ ਤੋਂ ਪਹਿਲਾਂ 2007 ਵਿੱਚ ਮਹਾਂਮਾਰੀ ਇਨਫਲੂਐਂਜ਼ਾ ਦੀ ਨੈਤਿਕ ਪਹਿਲੂਆਂ ਬਾਰੇ ਕਮੇਟੀ ਦੁਆਰਾ ਤਿਆਰ ਕੀਤੇ ਗਏ ਨੈਤਿਕ ਢਾਂਚੇ ਤੋਂ ਢਾਲਿਆ ਗਿਆ ਹੈ ਅਤੇ ਨਵਿਆਇਆ ਗਿਆ ਹੈ, ਜਿਸਨੂੰ ਬਾਅਦ ਵਿੱਚ 2017 ਵਿੱਚ ਸਿਹਤ ਅਤੇ ਸਮਾਜਕ ਦੇਖਭਾਲ ਵਿਭਾਗ ਦੁਆਰਾ ਸੋਧਿਆ ਗਿਆ ਸੀ।

# ਢਾਂਚੇ ਨੂੰ ਕਿਵੇਂ ਵਰਤਣਾ ਹੈ

ਇਸ ਢਾਂਚੇ ਦਾ ਉਦੇਸ਼, ਕੋਵਿਡ-19 ਦੇ ਦੌਰਾਨ ਅਤੇ ਜਿਵੇਂ-ਜਿਵੇਂ ਇਹ ਵਿਕਸਿਤ ਹੁੰਦਾ ਹੈ, ਪ੍ਰਤਿਕਿਰਿਆ ਦੀ ਯੋਜਨਾਬੰਦੀ ਕਰਨ ਅਤੇ ਬਾਲਗ ਸਮਾਜਕ ਦੇਖਭਾਲ ਦੇ ਗਠਨ ਵਿੱਚ ਸਥਾਨਕ, ਖੇਤਰੀ ਅਤੇ ਰਾਸ਼ਟਰੀ ਪੱਧਰ 'ਤੇ ਯੋਜਨਾਕਾਰਾਂ ਅਤੇ ਰਣਨੀਤਕ ਨੀਤੀ ਨਿਰਮਾਤਾਵਾਂ ਦਾ ਸਮਰਥਨ ਕਰਨਾ ਹੈ। ਇਸਦਾ ਉਦੇਸ਼ ਸਿਹਤ ਅਤੇ ਸਮਾਜਕ ਦੇਖਭਾਲ ਕਰਮਚਾਰੀਆਂ ਵਿੱਚ ਉਹਨਾਂ ਪੇਸ਼ੇਵਰਾਂ ਅਤੇ ਹੋਰਾਂ ਵਿਅਕਤੀਆਂ ਦਾ, ਜੋ ਨੀਤੀਆਂ ਤਿਆਰ ਕਰ ਰਹੇ ਹਨ ਅਤੇ ਪ੍ਰਕੋਪ 'ਤੇ ਪ੍ਰਤਿਕਿਰਿਆ ਕਰ ਰਹੇ ਹਨ, ਉਹਨਾਂ ਦੇ ਆਪਣੇ ਪੇਸ਼ੇਵਰ ਨਿਯਮਾਂ ਅਤੇ ਵਿਨਿਯਮਾਂ ਦੇ ਅਨੁਸਾਰ ਸਮਰਥਨ ਕਰਨਾ ਵੀ ਹੈ। ਇਹ ਸਿਧਾਂਤ ਵਧੇਰੇ ਵਿਆਪਕ ਰੂਪ ਵਿੱਚ ਸਮਾਜਕ ਦੇਖਭਾਲ ਦੇ ਖੇਤਰ ਵਿੱਚ ਵੀ ਲਾਗੂ ਕੀਤੇ ਜਾ ਸਕਦੇ ਹਨ।

ਸਮਾਜਕ ਦੇਖਭਾਲ ਸਥਾਨਕ ਤੌਰ 'ਤੇ ਅਗਵਾਈ ਕੀਤੀ ਜਾਂਦੀ ਅਤੇ ਸਪੁਰਦ ਕੀਤੀ ਜਾਂਦੀ ਸੇਵਾ ਹੈ ਜੋ ਵਿਅਕਤੀਆਂ ਅਤੇ ਉਹਨਾਂ ਦੇ ਪਰਿਵਾਰਾਂ, ਭਾਈਚਾਰਿਆਂ ਅਤੇ ਸਭਿਆਚਾਰਾਂ ਦੀ ਵਿਸਤ੍ਰਿਤ ਸਮਝ 'ਤੇ ਬਣੀ ਹੋਈ ਹੈ। ਸੋਸ਼ਲ ਵਰਕਰ, ਆਕਿਉਪੇਸ਼ਨਲ ਥੈਰੇਪਿਸਟ ਅਤੇ ਨਰਸਾਂ ਮਿਲ ਕੇ ਮੁੱਖ ਪੇਸ਼ੇਵਰ ਸਮੂਹ ਬਣਾਉਂਦੇ ਹਨ ਅਤੇ ਉਹਨਾਂ ਦੇ ਆਪਣੇ ਪੇਸ਼ੇਵਰ ਨਿਯਮਾਂ ਅਤੇ ਦਿਸ਼ਾ ਨਿਰਦੇਸ਼ਾਂ ਲਈ ਸਪਸ਼ਟ ਜ਼ਿੰਮੇਵਾਰੀਆਂ ਅਤੇ ਜਵਾਬਦੇਹੀਆਂ ਹੁੰਦੀਆਂ ਹਨ। ਸਥਾਨਕ ਪੇਸ਼ੇਵਰ ਆਗੂ, ਜਿਵੇਂ ਕਿ ਪ੍ਰਿੰਸੀਪਲ ਸੋਸ਼ਲ ਵਰਕਰ ਅਤੇ ਪ੍ਰਿੰਸੀਪਲ ਆਕਿਉਪੇਸ਼ਨਲ ਥੈਰੇਪਿਸਟ, ਇਹ ਨਿਸ਼ਚਤ ਕਰਨ ਲਈ ਕਿ ਜ਼ਿੰਮੇਵਾਰ ਹੋਣਗੇ ਕਿ ਇਸ ਢਾਂਚੇ ਨੂੰ ਲਾਗੂ ਕੀਤਾ ਜਾਵੇ ਅਤੇ ਸਮਝਿਆ ਜਾਵੇ। ਇਸੇ ਤਰ੍ਹਾਂ, ਇਹਨਾਂ ਪੇਸ਼ੇਵਰਾਂ ਦੇ ਹੁਨਰਾਂ ਨੂੰ ਸਥਾਨਕ ਤੌਰ 'ਤੇ ਸਹਿਮਤ ਪ੍ਰਕਿਰਿਆਵਾਂ ਦੇ ਵਿਕਾਸ ਅਤੇ ਸਮੀਖਿਆ ਲਈ ਵਰਤਿਆ ਜਾਣਾ ਚਾਹੀਦਾ ਹੈ।

ਬੇਸ਼ਕ, ਨੈਤਿਕ ਵਿਚਾਰਾਂ ਦੇ ਨਾਲ-ਨਾਲ, ਹਰੇਕ ਫੈਸਲੇ ਲਈ ਵਿਅਕਤੀਗਤ ਤੰਦਰੁਸਤੀ, ਸਮੁੱਚੇ ਜਨਤਕ ਭਲੇ ਅਤੇ ਉਪਲਬਧ ਸਰੋਤਾਂ ਬਾਰੇ ਵਿਚਾਰ ਕਰਨ ਦੀ ਲੋੜ ਹੋਏਗੀ। ਕਦਰਾਂ-ਕੀਮਤਾਂ ਅਤੇ ਸਿਧਾਂਤਾਂ ਨੂੰ ਫੈਸਲੇ ਲੈਣ ਵਿੱਚ ਸੇਧ ਲਈ ਸ਼ੁਰੂਆਤੀ ਬਿੰਦੂ ਵਜੋਂ ਕੰਮ ਕਰਨਾ ਚਾਹੀਦਾ ਹੈ, ਜਿਸ ਨੂੰ ਮੁੱਖ ਪੇਸ਼ੇਵਰਾਂ ਦੇ ਵਿਚਾਰਾਂ, ਵੱਖ-ਵੱਖ ਅਨੁਸ਼ਾਸ਼ਨਾਂ ਅਤੇ ਸੰਗਠਨਾਂ ਵਿਚਕਾਰ ਸਹਿਯੋਗ, ਅਤੇ ਹਰੇਕ ਵਿਸ਼ੇਸ਼ ਸਥਿਤੀ ਵਿੱਚ ਉਪਲਬਧ ਜਾਣਕਾਰੀ ਦੀ ਹੱਦ ਦਾ ਸਮਰਥਨ ਮਿਲੇਗਾ। ਨੈਤਿਕ ਕਦਰਾਂ-ਕੀਮਤਾਂ ਅਤੇ ਸਿਧਾਂਤ ਸਮਾਜਕ ਦੇਖਭਾਲ ਦੀ ਲੋੜ ਵਾਲੇ ਉਹਨਾਂ ਲੋਕਾਂ ਲਈ ਵੀ ਓਨੇ ਹੀ ਢੁਕਵੇਂ ਹਨ ਜਿਨ੍ਹਾਂ ਨੂੰ ਵੱਧ ਰਹੀ ਅਸੁਰੱਖਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਨੂੰ ਸਮਾਜਿਕ ਦੇਖਭਾਲ ਦੀ ਲੋੜ ਪੈ ਸਕਦੀ ਹੈ, ਅਤੇ ਸਿਹਤ ਅਤੇ ਸਮਾਜਕ ਦੇਖਭਾਲ ਕਰਮਚਾਰੀ ਜੋ ਕੋਵਿਡ-19 ਦੇ ਦੌਰਾਨ ਅਤੇ ਇਸ ਦੇ ਵਿਕਸਿਤ ਹੋਣ 'ਤੇ ਮੁਸ਼ਕਲ ਫੈਸਲੇ ਲੈਣ ਵੇਲੇ ਦੇਖਭਾਲ ਅਤੇ ਸਹਾਇਤਾ ਪ੍ਰਦਾਨ ਕਰਦੇ ਹੋਏ ਨਵੇਂ ਅਤੇ ਅਚਾਨਕ ਸਾਹਮਣੇ ਆਏ ਬੋਝ ਦਾ ਸਾਹਮਣਾ ਕਰ ਸਕਦੇ ਹਨ।

ਢਾਂਚੇ ਨੂੰ ਜਾਂਚ-ਸੂਚੀ ਵਜੋਂ ਵਰਤਣਾ ਉਪਯੋਗੀ ਹੋ ਸਕਦਾ ਹੈ ਤਾਂ ਜੋ ਇਹ ਪੱਕਾ ਕੀਤਾ ਜਾ ਸਕੇ ਕਿ ਨੈਤਿਕ ਵਿਚਾਰਾਂ ਨੂੰ ਧਿਆਨ ਵਿੱਚ ਰੱਖਿਆ ਜਾਂਦਾ ਹੈ, ਹਾਲਾਂਕਿ, ਇਸ ਦਸਤਾਵੇਜ਼ ਵਿੱਚ ਦੱਸੇ ਗਏ ਮੁੱਲ ਅਤੇ ਸਿਧਾਂਤ ਇਹਨਾਂ ਤਕ ਹੀ ਸੀਮਿਤ ਨਹੀਂ ਹਨ। ਨੈਤਿਕ ਕਦਰਾਂ ਕੀਮਤਾਂ ਅਤੇ ਸਿਧਾਂਤਾਂ ਨੂੰ ਜ਼ਰੂਰੀ ਅਤੇ ਅਨਿਸ਼ਚਿਤ ਸਥਿਤੀਆਂ ਵਿੱਚ ਲਾਗੂ ਕਰਦੇ ਸਮੇਂ, ਤੁਸੀਂ ਉਹਨਾਂ ਵਿਚਕਾਰ ਤਣਾਅ ਦਾ ਸਾਹਮਣਾ ਕਰ ਸਕਦੇ ਹੋ ਜਿਸਦੇ ਲਈ ਉਸ ਹੱਦ ਤਕ ਨਿਰਣਾ ਲੈਣ ਦੀ ਲੋੜ ਹੋਏਗੀ ਕਿ ਹਰੇਕ ਵਿਸ਼ੇਸ਼ ਫੈਸਲੇ ਦੇ ਸੰਦਰਭ ਵਿੱਚ ਕੋਈ ਵਿਸ਼ੇਸ਼ ਆਦਰਸ਼ ਜਾਂ ਸਿਧਾਂਤ ਲਾਗੂ ਕੀਤਾ ਜਾ ਸਕਦਾ ਹੈ। ਸਾਰੇ ਮਾਮਲਿਆਂ ਵਿੱਚ, ਆਦਰ ਅਤੇ ਉਚਿਤਤਾ ਨੂੰ ਬੁਨਿਆਦੀ, ਅਧਾਰਕ ਸਿਧਾਂਤਾਂ ਦੇ ਤੌਰ 'ਤੇ ਵਰਤਿਆ ਜਾਣਾ ਚਾਹੀਦਾ ਹੈ ਜੋ ਯੋਜਨਾਬੰਦੀ ਨੂੰ ਸੇਧ ਦਿੰਦੇ ਹਨ ਅਤੇ ਫੈਸਲਿਆਂ ਵਿੱਚ ਸਹਾਇਤਾ ਕਰਦੇ ਹਨ।

# ਕਦਰਾਂ ਕੀਮਤਾਂ ਅਤੇ ਸਿਧਾਂਤ

ਇਹ ਭਾਗ ਹਰੇਕ ਨੈਤਿਕ ਮੁੱਲ ਅਤੇ ਸਿਧਾਂਤ ਅਤੇ ਸੰਬੰਧਿਤ ਕਾਰਵਾਈਆਂ ਅਤੇ ਉਹਨਾਂ 'ਤੇ ਵਿਚਾਰ ਕਰਨ ਅਤੇ ਲਾਗੂ ਕਰਨ ਵੇਲੇ ਸਭ ਤੋਂ ਵਧੀਆ ਅਭਿਆਸ ਦੀ ਰੂਪ ਰੇਖਾ ਦਿੰਦਾ ਹੈ। ਇਹਨਾਂ ਨੂੰ ਪੇਸ਼ੇਵਰ ਵਿਹਾਰ ਦੇ ਜ਼ਾਬਤੇ ਅਤੇ ਸਭ ਤੋਂ ਹਾਲੀਆ ਅਧਿਕਾਰਤ ਮਾਰਗ-ਦਰਸ਼ਨ ਅਤੇ ਕਾਨੂੰਨ ਦੇ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਇਹ ਕਿੱਥੇ ਅਤੇ ਕਿਵੇਂ ਲਾਗੂ ਹੁੰਦੇ ਹਨ। ਸੰਦਰਭ ਵਿੱਚ ਆਸਾਨੀ ਲਈ ਇਹਨਾਂ ਸਿਧਾਂਤਾਂ ਨੂੰ ਨੰਬਰਬੱਧ ਕੀਤਾ ਗਿਆ ਹੈ ਪਰ ਮਹੱਤਵ ਦੇ ਅਧਾਰ 'ਤੇ ਕ੍ਰਮ ਨਹੀਂ ਦਿੱਤਾ ਗਿਆ ਹੈ ਜਾਂ ਸੰਪੂਰਨ ਨਹੀਂ ਹਨ - ਸਹੀ ਜਾਂ ਸਭ ਤੋਂ ਵੱਧ ਨੈਤਿਕ ਫੈਸਲੇ ਲੈਣ ਦੇ ਕੋਈ ਸਪਸ਼ਟ ਜਵਾਬ ਨਹੀਂ ਹੁੰਦੇ ਹਨ।

ਜਿੱਥੇ ਸਰੋਤ ਸੀਮਿਤ ਹਨ ਅਤੇ ਮੰਗਾਂ ਵਿੱਚ ਵਾਧਾ ਹੁੰਦਾ ਹੈ, ਹੋ ਸਕਦਾ ਹੈ ਕਿ ਸਾਰੇ ਸਿਧਾਂਤਾਂ ਜਾਂ ਉਹਨਾਂ ਦੇ ਹੇਠਾਂ ਦੀਆਂ ਕਿਰਿਆਵਾਂ 'ਤੇ ਵਿਚਾਰ ਕਰਨਾ ਸੰਭਵ ਨਾ ਹੋਵੇ। ਹਰੇਕ ਸਿਧਾਂਤ 'ਤੇ ਢੁਕਵੇਂ ਜੋਖਮ ਪ੍ਰਬੰਧਨ ਅਤੇ ਵਿਅਕਤੀਗਤ ਤੰਦਰੁਸਤੀ, ਸਮੁੱਚੀ ਜਨਤਕ ਭਲਾਈ ਅਤੇ ਉਪਲਬਧ ਜਾਣਕਾਰੀ ਅਤੇ ਸਰੋਤਾਂ ਦੇ ਵਿਚਾਰਾਂ ਦੇ ਨਾਲ ਹਰੇਕ ਹਾਲਾਤ ਦੇ ਸੰਦਰਭ ਵਿੱਚ ਸੰਭਵ ਹੱਦ ਤੱਕ ਵਿਚਾਰਿਆ ਜਾਣਾ ਚਾਹੀਦਾ ਹੈ।

## 1. ਆਦਰ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਇਹ ਪਛਾਣਨਾ ਕਿ ਹਰੇਕ ਵਿਅਕਤੀ ਅਤੇ ਉਹਨਾਂ ਦੇ ਮਨੁੱਖੀ ਅਧਿਕਾਰ, ਨਿੱਜੀ ਚੋਣਾਂ, ਸੁਰੱਖਿਆ ਅਤੇ ਮਾਣ ਸਨਮਾਨ ਮਾਇਨੇ ਰੱਖਦੇ ਹਨ।

ਇਹ ਪੱਕਾ ਕਰਨ ਲਈ ਕਿ ਲੋਕਾਂ ਨਾਲ ਆਦਰ ਨਾਲ ਵਿਹਾਰ ਕੀਤਾ ਜਾਂਦਾ ਹੈ, ਫੈਸਲੇ ਲੈਣ ਵਾਲਿਆਂ ਨੂੰ ਇਹ ਕਰਨਾ ਚਾਹੀਦਾ ਹੈ:

- ਲੋਕਾਂ ਨੂੰ ਉਹਨਾਂ ਮਾਮਲਿਆਂ ਬਾਰੇ ਆਪਣੇ ਵਿਚਾਰ ਜ਼ਾਹਰ ਕਰਨ ਦਾ ਮੌਕਾ ਪ੍ਰਦਾਨ ਕਰੋ ਜੋ ਉਹਨਾਂ ਦੀ ਦੇਖਭਾਲ, ਸਹਾਇਤਾ ਅਤੇ ਇਲਾਜ ਨੂੰ ਪ੍ਰਭਾਵਿਤ ਕਰਦੇ ਹਨ

- ਵਰਤਮਾਨ ਅਤੇ ਭਵਿੱਖ ਲਈ ਪ੍ਰਭਾਵ ਨੂੰ ਵਿਚਾਰਦੇ ਅਤੇ ਸੰਚਾਰਿਤ ਕਰਦੇ ਹੋਏ, ਜਿੰਨਾ ਸੰਭਵ ਹੋ ਸਕੇ ਲੋਕਾਂ ਦੀਆਂ ਨਿੱਜੀ ਚੋਣਾਂ ਦਾ ਸਨਮਾਨ ਕਰੋ

- ਲੋਕਾਂ ਨੂੰ ਜਿੰਨਾ ਹੋ ਸਕੇ ਸੂਚਿਤ ਰੱਖੋ ਕਿ ਕੀ ਹੋ ਰਿਹਾ ਹੈ ਜਾਂ ਕਿਸੇ ਵੀ ਹਾਲਾਤ ਵਿੱਚ ਕੀ ਵਾਪਰਨ ਦੀ ਉਮੀਦ ਹੈ

- ਜਿੱਥੇ ਕਿਸੇ ਵਿਅਕਤੀ ਨੂੰ ਸਮਰੱਥਾ ਦੀ ਘਾਟ ਹੋ ਸਕਦੀ ਹੈ (ਜਿਵੇਂ ਕਿ ਮਾਨਸਿਕ ਸਮਰੱਥਾ ਐਕਟ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ), ਇਹ ਪੱਕਾ ਕਰੋ ਕਿ ਇੱਕ ਵਿਅਕਤੀ ਦੇ ਬਿਹਤਰੀਨ ਹਿਤਾਂ ਅਤੇ ਸਹਾਇਤਾ ਦੀਆਂ ਲੋੜਾਂ ਉਹਨਾਂ ਦੁਆਰਾ ਵਿਚਾਰੀਆਂ ਜਾਂਦੀਆਂ ਹਨ ਜੋ ਜ਼ਿੰਮੇਵਾਰ ਹਨ ਜਾਂ ਜਿਨ੍ਹਾਂ ਕੋਲ ਉਹਨਾਂ ਦੀ ਤਰਫ਼ੋਂ ਫੈਸਲਾ ਲੈਣ ਲਈ ਸੰਬੰਧਿਤ ਕਾਨੂੰਨੀ ਅਧਿਕਾਰ ਹੈ

- ਇਹ ਯਕੀਨੀ ਬਣਾਉਂਦੇ ਹੋਏ ਕਿ ਤਰਜੀਹ ਦੇਣ ਦੇ ਅਧਾਰ 'ਤੇ ਲਏ ਗਏ ਕਿਸੇ ਵੀ ਫੈਸਲਿਆਂ ਲਈ ਸਹੀ ਨਿਰਣਾ ਅਤੇ ਸਪੱਸ਼ਟ ਉਚਿਤਤਾ ਹੋਵੇ, ਉਪਲਬਧ ਸਰੋਤਾਂ ਦੇ ਅਧੀਨ, ਉਹ ਪ੍ਰਾਪਤ ਕਰਨ ਲਈ ਲੋਕਾਂ ਦਾ ਸਮਰਥਨ ਕਰਨ ਦੀ ਕੋਸ਼ਿਸ਼ ਕਰੋ ਜਿਸਦੇ ਉਹ ਹੱਕਦਾਰ ਹਨ

## 2. ਉਚਿਤਤਾ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਇਹ ਪੱਕਾ ਕਰਨਾ ਕਿ ਫੈਸਲੇ ਤਰਕਸੰਗਤ, ਨਿਰਪੱਖ, ਵਿਹਾਰਕ ਅਤੇ ਢੁਕਵੀਆਂ ਪ੍ਰਕਿਰਿਆਵਾਂ, ਉਪਲਬਧ ਸਬੂਤ ਅਤੇ ਇੱਕ ਸਪੱਸ਼ਟ ਉਚਿਤਤਾ 'ਤੇ ਅਧਾਰਤ ਹਨ।

ਇਹ ਵਿਚਾਰ ਕਰਦੇ ਸਮੇਂ ਕਿ ਕੋਈ ਫੈਸਲਾ ਕਿੰਨਾ ਵਾਜਬ ਹੈ, ਫੈਸਲਾ ਲੈਣ ਵਾਲਿਆਂ ਨੂੰ ਇਹ ਕਰਨਾ ਚਾਹੀਦਾ ਹੈ:

- ਇਹ ਪੱਕਾ ਕਰੋ ਕਿ ਲਏ ਗਏ ਫੈਸਲੇ ਦੇ ਕੰਮ ਕਰਨ ਦੇ ਦੀ ਵਿਹਾਰਕ ਅਤੇ ਉਚਿਤ ਸੰਭਾਵਨਾ ਹੈ
- ਫੈਸਲਿਆਂ ਨੂੰ ਉਸ ਸਬੂਤ ਅਤੇ ਜਾਣਕਾਰੀ 'ਤੇ ਅਧਾਰਤ ਕਰੋ ਜੋ ਉਸ ਸਮੇਂ ਉਪਲਬਧ ਹਨ, ਗਿਆਤ ਜੋਖਮਾਂ ਅਤੇ ਉਹਨਾਂ ਲਾਭਾਂ ਦੇ ਪ੍ਰਤੀ ਸੁਚੇਤ ਰਹੋ ਜਿਨ੍ਹਾਂ ਦਾ ਅਨੁਭਵ ਕੀਤਾ ਜਾ ਸਕਦਾ ਹੈ
- ਸਭਿਆਚਾਰਾਂ ਅਤੇ ਭਾਈਚਾਰਿਆਂ ਦੇ ਵੱਖ-ਵੱਖ ਵਿਚਾਰਾਂ ਪ੍ਰਤੀ ਸੁਚੇਤ ਰਹਿੰਦੇ ਹੋਏ, ਵਿਕਲਪਿਕ ਵਿਕਲਪਾਂ ਅਤੇ ਸੋਚਣ ਦੇ ਢੰਗਾਂ 'ਤੇ ਵਿਚਾਰ ਕਰੋ
- ਇਕ ਸਪੱਸ਼ਟ, ਨਿਰਪੱਖ ਫੈਸਲਾ ਲੈਣ ਦੀ ਪ੍ਰਕਿਰਿਆ ਦੀ ਵਰਤੋਂ ਕਰੋ ਜੋ ਉਸ ਸਮੇਂ ਅਤੇ ਸੰਦਰਭ ਲਈ ਢੁਕਵੀਂ ਹੋਵੇ ਜਿਸ ਵਿੱਚ ਫੈਸਲਾ ਲਿਆ ਜਾਣਾ ਚਾਹੀਦਾ ਹੈ ਅਤੇ ਜੋ ਯੋਗਦਾਨਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਆਗਿਏ ਦੇਵੇ

ਇਸ ਸਿਧਾਂਤ ਨੂੰ ਸੰਬੰਧਿਤ ਸਮਾਨਤਾਵਾਂ-ਸੰਬੰਧੀ ਕਾਨੂੰਨੀ ਅਤੇ ਨੀਤੀਗਤ ਢਾਂਚੇ ਦੇ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। ਹਾਲਾਂਕਿ ਸਰੋਤ ਖਿੱਚੇ ਗਏ ਬਣ ਸਕਦੇ ਹਨ, ਇਹ ਮੰਨਿਆ ਜਾਣਾ ਚਾਹੀਦਾ ਹੈ ਕਿ ਤੁਲਨਾਤਮਕ ਲੋੜਾਂ ਵਾਲੇ ਲੋਕਾਂ ਨੂੰ ਉਹਨਾਂ ਲੋੜਾਂ ਨੂੰ ਪੂਰਾ ਕਰਨ ਦਾ ਉਹੀ ਮੌਕਾ ਮਿਲਣਾ ਚਾਹੀਦਾ ਹੈ।

## 3. ਨੁਕਸਾਨ ਨੂੰ ਘੱਟੋ-ਘੱਟ ਕਰਨਾ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਉਸ ਸਰੀਰਕ, ਮਨੋਵਿਗਿਆਨਕ, ਸਮਾਜਿਕ ਅਤੇ ਆਰਥਿਕ ਨੁਕਸਾਨ ਦੀ ਮਾਤਰਾ ਨੂੰ ਘਟਾਉਣ ਦੀ ਕੋਸ਼ਿਸ਼ ਕਰਨੀ ਜੋ ਕਿ ਪ੍ਰਕੋਪ ਦੇ ਕਾਰਨ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਹੋ ਸਕਦਾ ਹੈ। ਬਦਲੇ ਵਿੱਚ, ਇਸ ਵਿੱਚ ਇਹ ਪੱਕਾ ਕਰਨਾ ਸ਼ਾਮਲ ਹੈ ਕਿ ਵਿਅਕਤੀਗਤ ਸੰਗਠਨ ਅਤੇ ਸਮੁੱਚੇ ਤੋਰ 'ਤੇ ਸਮਾਜ ਆਪਣੀ ਬਿਹਤਰੀਨ ਸਮਰੱਥਾ ਤਕ ਇਸਦਾ ਮੁਕਾਬਲਾ ਕਰਨ ਅਤੇ ਇਸ ਤੋਂ ਬਾਹਰ ਨਿਕਲਣ।

ਇਹ ਮਹੱਤਵਪੂਰਨ ਹੈ ਕਿ ਜਿੰਮੇਵਾਰ ਲੋਕਾਂ ਨੂੰ ਇਹ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ:

- ਸਵੀਕਾਰ ਕਰੋ ਅਤੇ ਸੰਚਾਰ ਕਰੋ ਕਿ ਫੈਲਾਅ ਨੂੰ ਘੱਟ ਕਰਨ ਵਿੱਚ ਹਰੇਕ ਦੀ ਭੂਮਿਕਾ ਹੈ - ਉਦਾਹਰਨ ਲਈ, ਚੰਗੀ ਤਰ੍ਹਾਂ ਹੱਥ ਧੋਣ ਜਾਂ ਸਮਾਜਕ ਦੂਰੀਆਂ ਦਾ ਅਭਿਆਸ ਕਰਕੇ
- ਜੇ ਕੋਈ ਬਿਮਾਰ ਹੈ ਤਾਂ ਉਹ ਸਥਿਤੀ ਵਿੱਚ ਪੇਚੀਦਗੀਆਂ ਦੇ ਜੋਖਮ ਨੂੰ ਘੱਟ ਤੋਂ ਘੱਟ ਕਰੋ
- ਭਾਈਚਾਰਿਆਂ ਅਤੇ ਸੰਗਠਨਾਂ ਦੇ ਅੰਦਰ ਨਿਯਮਿਤ ਅਤੇ ਸਹੀ ਅੱਪਡੇਟਾਂ ਪ੍ਰਦਾਨ ਕਰੋ
- ਜਿਵੇਂ-ਜਿਵੇਂ ਕੋਵਿਡ-19 ਬਾਰੇ ਸਮਝ ਵਿਕਸਿਤ ਹੁੰਦੀ ਹੈ, ਪ੍ਰਕੋਪ ਦਾ ਇਲਾਜ ਕਰਨ ਅਤੇ ਇਸ 'ਤੇ ਪ੍ਰਤਿਕਿਰਿਆ ਕਰਨ ਦੇ ਸਭ ਤੋਂ ਉੱਤਮ ਢੰਗ ਬਾਰੇ ਸਥਾਨਕ, ਰਾਸ਼ਟਰੀ ਅਤੇ ਵਿਸ਼ਵ-ਵਿਆਪੀ ਤਜ਼ਰਬਿਆਂ ਤੋਂ ਮਿਲੀ ਜਾਣਕਾਰੀ ਨੂੰ ਸਾਂਝਾ ਕਰੋ

- ਦੇਖਭਾਲ ਕਰਨ ਵਾਲੇ ਕਰਮਚਾਰੀਆਂ ਅਤੇ ਵਾਲੰਟੀਅਰਾਂ ਨੂੰ ਸੂਚਿਤ ਫੈਸਲੇ ਲੈਣ ਦੇ ਯੋਗ ਬਣਾਓ ਜੋ ਕਮਜ਼ੋਰ ਲੋਕਾਂ ਦਾ ਸਮਰਥਨ ਕਰਦੇ ਹਨ

## 4. ਸ਼ਮੂਲੀਅਤ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਇਹ ਪੱਕਾ ਕਰਨਾ ਕਿ ਲੋਕਾਂ ਨੂੰ ਸਥਿਤੀਆਂ ਨੂੰ ਸਮਝਣ, ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਸ਼ਾਮਲ ਕਰਨ, ਅਤੇ ਆਪਣੇ ਵਿਚਾਰਾਂ ਅਤੇ ਚੁਣੌਤੀਆਂ ਪੇਸ਼ ਕਰਨ ਦਾ ਵਾਜਬ ਮੌਕਾ ਦਿੱਤਾ ਜਾਂਦਾ ਹੈ। ਬਦਲੇ ਵਿੱਚ, ਫੈਸਲਿਆਂ ਅਤੇ ਕਾਰਜਾਂ ਦਾ ਉਦੇਸ਼ ਅਸਮਾਨਤਾਵਾਂ ਨੂੰ ਜਿੰਨਾ ਸੰਭਵ ਹੋ ਸਕੇ ਘੱਟ ਤੋਂ ਘੱਟ ਕਰਨਾ ਹੋਣਾ ਚਾਹੀਦਾ ਹੈ।

ਸ਼ਮੂਲੀਅਤ ਨੂੰ ਸੰਭਵ ਹੱਦ ਤਕ ਪੱਕਾ ਕਰਨ ਲਈ, ਫੈਸਲੇ ਲੈਣ ਵਾਲਿਆਂ ਨੂੰ ਇਹ ਕਰਨਾ ਚਾਹੀਦਾ ਹੈ:

- ਲੋਕਾਂ ਨੂੰ ਯੋਜਨਾਬੰਦੀ ਦੇ ਉਹਨਾਂ ਪਹਿਲੂਆਂ ਵਿੱਚ ਸ਼ਾਮਲ ਕਰੋ ਜੋ ਉਹਨਾਂ, ਉਹਨਾਂ ਦੀ ਦੇਖਭਾਲ ਅਤੇ ਇਲਾਜ ਅਤੇ ਉਹਨਾਂ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰਦੇ ਹਨ
- ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਯੋਜਨਾਬੰਦੀ ਦੇ ਉਹਨਾਂ ਪਹਿਲੂਆਂ ਵਿੱਚ ਸ਼ਾਮਲ ਕਰੋ ਜੋ ਉਹਨਾਂ ਅਤੇ ਉਹਨਾਂ ਵਿਅਕਤੀਆਂ ਨੂੰ ਪ੍ਰਭਾਵਿਤ ਕਰਦੇ ਹਨ ਜਿਨ੍ਹਾਂ ਦੀ ਉਹ ਦੇਖਭਾਲ ਕਰਦੇ ਹਨ
- ਇਹ ਪੱਕਾ ਕਰੋ ਕਿ ਕਿਸੇ ਵਿਸ਼ੇਸ਼ ਵਿਅਕਤੀ ਜਾਂ ਸਮੂਹ ਨੂੰ ਸ਼ਾਮਲ ਹੋਣ ਤੋਂ ਬਾਹਰ ਨਹੀਂ ਕੀਤਾ ਜਾਂਦਾ ਹੈ
- ਖਾਸ ਲੋਕਾਂ ਜਾਂ ਸਮੂਹਾਂ 'ਤੇ ਕਿਸੇ ਫੈਸਲੇ ਦੇ ਕਿਸੇ ਵੀ ਗੈਰ-ਅਨੁਪਾਤਕ ਪ੍ਰਭਾਵ 'ਤੇ ਵਿਚਾਰ ਕਰੋ
- ਵੱਖ-ਵੱਖ ਤਰ੍ਹਾਂ ਦੇ ਲੋਕਾਂ ਅਤੇ ਭਾਈਚਾਰਿਆਂ ਤੱਕ ਪਹੁੰਚਣ ਲਈ ਲੋੜੀਂਦੇ ਸੰਚਾਰ ਢੰਗਾਂ ਅਤੇ ਫਾਰਮੈਟਾਂ ਦੀ ਸੀਮਾ ਦੀ ਵਰਤੋਂ ਕਰਦਿਆਂ, ਸ਼ਾਮਲ ਹੋਣ ਵਾਲੇ ਸਾਰਿਆਂ ਨੂੰ ਢੁਕਵੇਂ ਸੰਚਾਰ ਪ੍ਰਦਾਨ ਕਰੋ
- ਪਾਰਦਰਸ਼ੀ ਬਣੋ ਅਤੇ ਜਦੋਂ ਕਿਸੇ ਵਿਅਕਤੀ ਜਾਂ ਸਮੂਹ ਦਾ ਦੂਜਿਆਂ ਨਾਲੋਂ ਵੱਖਰੇ ਢੰਗ ਨਾਲ ਇਲਾਜ ਕਰਨ ਦਾ ਫੈਸਲਾ ਕੀਤਾ ਜਾਂਦਾ ਹੈ, ਸਾਫ ਸਪੱਸ਼ਟੀਕਰਨ ਰੱਖੋ ਜੋ ਇਹ ਦਰਸਾਏ ਕਿ ਅਜਿਹਾ ਕਰਨਾ ਸਹੀ ਕਿਉਂ ਹੈ

ਜਿੱਥੇ ਢੁਕਵਾਂ ਹੋਵੇ, ਉਪਰੋਕਤ ਨੂੰ ਬਰਾਬਰੀ ਸੰਬੰਧੀ ਢੁਕਵੇਂ ਕਾਨੂੰਨੀ ਅਤੇ ਨੀਤੀਗਤ ਢਾਂਚੇ ਦੇ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ਜੋ ਇਹ ਯਕੀਨੀ ਬਣਾ ਕੇ ਕਿ ਸੇਵਾ ਦੀ ਵਰਤੋਂ ਵਿੱਚ ਖਾਸ ਰੁਕਾਵਟਾਂ ਨੂੰ ਉਹਨਾਂ ਲਈ ਘੱਟ ਤੋਂ ਘੱਟ ਕੀਤਾ ਜਾਂਦਾ ਹੈ ਜੋ ਮੁਸ਼ਕਲ ਸਥਿਤੀ ਵਿੱਚ ਹੋ ਸਕਦੇ ਹਨ ਜਾਂ ਪ੍ਰਕੋਪ ਦੇ ਵਿਕਸਿਤ ਹੋਣ ਦੇ ਨਾਲ ਮੁਸ਼ਕਲ ਸਥਿਤ ਵਿੱਚ ਆ ਸਕਦੇ ਹਨ।

## 5. ਜਵਾਬਦੇਹੀ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਲੋਕਾਂ ਅਤੇ ਆਪਣੇ-ਆਪ ਇਸ ਬਾਰੇ ਜਵਾਬਦੇਹ ਰੱਖਣਾ, ਕਿ ਕਿਵੇਂ ਅਤੇ ਕਿਹੜੇ ਫੈਸਲੇ ਲਏ ਜਾਂਦੇ ਹਨ। ਬਦਲੇ ਵਿੱਚ, ਇਸ ਵਿੱਚ ਇਸ ਬਾਰੇ ਪਾਰਦਰਸ਼ੀ ਹੋਣ ਦੀ ਲੋੜ ਹੁੰਦੀ ਹੈ ਕਿ ਫੈਸਲੇ ਕਿਉਂ ਲਏ ਜਾਂਦੇ ਹਨ ਅਤੇ ਉਹਨਾਂ ਨੂੰ ਲੈਣ ਅਤੇ ਸੰਚਾਰਿਤ ਕਰਨ ਲਈ ਕੌਣ ਜ਼ਿੰਮੇਵਾਰ ਹੈ।

ਜ਼ਿੰਮੇਵਾਰ ਵਿਅਕਤੀਆਂ ਹੇਠਾਂ ਦਿੱਤੇ ਦੇ ਦੁਆਰਾ ਆਪਣੇ ਫੈਸਲਿਆਂ ਅਤੇ ਕਾਰਜਾਂ ਲਈ ਜਵਾਬਦੇਹ ਹੋਣਾ ਲਾਜ਼ਮੀ ਹੈ:

- ਵਿਅਕਤੀਆਂ, ਉਹਨਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਅਤੇ ਸਟਾਫ਼ ਦੇ ਪ੍ਰਤੀ ਉਹਨਾਂ ਦੀਆਂ ਜ਼ਿੰਮੇਵਾਰੀਆਂ ਅਤੇ ਫਰਜ਼ਾਂ ਅਨੁਸਾਰ ਕੰਮ ਕਰਨਾ ਅਤੇ ਉਹਨਾਂ ਦੁਆਰਾ ਲੋੜੀਂਦੇ ਨਤੀਜੇ ਪ੍ਰਦਾਨ ਕਰਨਾ

- ਉਸ ਸਮੇਂ ਲਾਗੂ ਅਧਿਕਾਰਤ ਸੇਧ, ਕਾਨੂੰਨੀ ਫਰਜ਼ਾਂ ਅਤੇ ਪੇਸ਼ੇਵਰ ਨਿਯਮਾਂ ਦਾ ਪਾਲਣ ਕਰਨਾ
- ਇਸ ਬਾਰੇ ਪਾਰਦਰਸ਼ੀ ਬਣਨਾ ਕਿ ਕਿਵੇਂ ਅਤੇ ਕਿਹੜੇ ਫੈਸਲੇ ਲੈਣ ਦੀ ਲੋੜ ਹੈ ਅਤੇ ਕਿਸ ਅਧਾਰ 'ਤੇ
- ਇਹ ਨਿਰਧਾਰਤ ਕਰਨ ਲਈ ਤਿਆਰ ਰਹਿਣਾ ਕਿ ਕਿਹੜੇ ਫੈਸਲੇ ਲਏ ਜਾਂਦੇ ਹਨ ਅਤੇ ਕਿਉਂ ਲਏ ਜਾਂਦੇ ਹਨ, ਇਹ ਪੱਕਾ ਕਰਦੇ ਹੋਏ ਕਿ ਢੁਕਵੇਂ ਰਿਕਾਰਡ ਰੱਖੇ ਜਾ ਰਹੇ ਹਨ
- ਦੂਜਿਆਂ ਦੀ ਸਹਾਇਤਾ ਕਰਨਾ ਕਿ ਉਹ ਆਪਣੇ ਫੈਸਲਿਆਂ ਅਤੇ ਕਾਰਜਾਂ ਦੀ ਜ਼ਿੰਮੇਵਾਰੀ ਲੈਣ

ਸੰਗਠਨਾਂ ਦੇ ਅੰਦਰ, ਇਸ ਵਿੱਚ ਇਹ ਵੀ ਸ਼ਾਮਲ ਹੋਵੇਗਾ:

- ਪੇਸ਼ੇਵਰ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨਿਭਾਉਣਾ ਜਾਰੀ ਰੱਖਣਾ ਜਦੋਂ ਤਕ ਅਜਿਹਾ ਨਾ ਕਰਨਾ ਵਾਜਬ ਨਾ ਸਮਝਿਆ ਜਾਏ
- ਇੱਕ ਅਜਿਹਾ ਮਾਹੌਲ ਮੁਹੱਈਆ ਕਰਨਾ ਜਿਸ ਵਿੱਚ ਸਟਾਫ ਸੁਰੱਖਿਅਤ, ਪ੍ਰਭਾਵਸ਼ਾਲੀ ਅਤੇ ਸਹਿਯੋਗੀ ਢੰਗ ਨਾਲ ਕੰਮ ਕਰ ਸਕਦਾ ਹੈ, ਜੋ ਕਿ ਪ੍ਰਕੋਪ ਦੇ ਵਿਕਸਿਤ ਹੋਣ 'ਤੇ ਉਹਨਾਂ ਦੀ ਸਿਹਤ ਅਤੇ ਤੰਦਰੁਸਤੀ ਦੀ ਰੱਖਿਆ ਕਰਦਾ ਹੈ।
- ਉਸ ਸਟਾਫ ਨੂੰ ਉਚਿਤ ਮਾਰਗ ਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਨਾ ਜਿਨ੍ਹਾਂ ਨੂੰ ਆਪਣੀ ਮੁਹਾਰਤ ਦੇ ਸਧਾਰਨ ਖੇਤਰ ਤੋਂ ਬਾਹਰ ਕੰਮ ਕਰਨ ਲਈ ਕਿਹਾ ਜਾ ਸਕਦਾ ਹੈ ਜਾਂ ਜੋ ਆਪਣੀਆਂ ਰੋਜ਼ਾਨਾ ਦੀਆਂ ਕੁਝ ਗਤੀਵਿਧੀਆਂ ਕਰਨ ਵਿੱਚ ਅਸਮਰਥ ਹੋ ਸਕਦੇ ਹਨ
- ਪ੍ਰਕੋਪ ਦੇ ਦੌਰਾਨ ਅਤੇ ਬਾਅਦ ਵਿੱਚ ਨੈਤਿਕ ਚੁਣੌਤੀਆਂ ਨੂੰ ਸੰਭਾਲਣ ਲਈ ਸਥਾਨਕ ਤੌਰ 'ਤੇ ਸਹਿਮਤ ਪ੍ਰਕਿਰਿਆਵਾਂ ਰੱਖਣਾ

## 6. ਲਚਕਤਾ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਬਦਲੀਆਂ ਜਾਂ ਨਵੀਆਂ ਸਥਿਤੀਆਂ ਦਾ ਸਾਹਮਣਾ ਕਰਨ 'ਤੇ ਪਰਿਵਰਤਨਸ਼ੀਲ, ਸਮਰੱਥ ਅਤੇ ਅਨੁਕੂਲ ਬਣਨ ਲਈ ਤਿਆਰ ਹੋਣਾ। ਇਹ ਮਹੱਤਵਪੂਰਨ ਹੈ ਕਿ ਚੁਸਤ ਅਤੇ ਸਹਿਯੋਗ ਭਰ ਢੰਗ ਨਾਲ ਕੰਮ ਕਰਨ ਵਿੱਚ ਸਹਾਇਤਾ ਲਈ, ਇਸ ਸਿਧਾਂਤ ਨੂੰ ਸਿਹਤ ਅਤੇ ਦੇਖਭਾਲ ਕਰਮਚਾਰੀਆਂ ਅਤੇ ਵਿਆਪਕ ਖੇਤਰ ਵਿੱਚ ਲਾਗੂ ਕੀਤਾ ਜਾਵੇ।

ਲਚਕਤਾ ਨੂੰ ਯਕੀਨੀ ਬਣਾਉਣ ਲਈ, ਫੈਸਲੇ ਲੈਣ ਵਾਲਿਆਂ ਨੂੰ ਇਸਦੇ ਲਈ ਤਿਆਰ ਰਹਿਣਾ ਚਾਹੀਦਾ ਹੈ:

- ਜਦੋਂ ਵੀ ਤਬਦੀਲੀਆਂ ਹੁੰਦੀਆਂ ਹਨ ਉਹਨਾਂ 'ਤੇ ਪ੍ਰਤਿਕਿਰਿਆ ਕਰੋ ਅਤੇ ਉਹਨਾਂ ਅਨੁਸਾਰ ਢਲੋ - ਉਦਾਹਰਨ ਵਜੋਂ, ਨਵੀਂ ਜਾਣਕਾਰੀ ਮਿਲਣ 'ਤੇ ਜਾਂ ਮੰਗ ਦੇ ਬਦਲੇ ਹੋਏ ਪੱਧਰਾਂ ਦੀ ਸਥਿਤੀ ਵਿੱਚ
- ਇਹ ਪੱਕਾ ਕਰੋ ਕਿ ਜਿੱਥੇ ਜਰੂਰੀ ਹੋਵੇ ਯੋਜਨਾਵਾਂ ਅਤੇ ਨੀਤੀ ਵਿੱਚ ਲਚਕਤਾ ਅਤੇ ਨਵੀਨਤਾ ਲਈ ਜਗ੍ਹਾ ਹੋਵੇ
- ਲੋਕਾਂ ਨੂੰ ਉਪਲਬਧ ਸਮੇਂ ਵਿੱਚ ਫੈਸਲਿਆਂ ਨੂੰ ਚੁਣੌਤੀ ਦੇਣ ਲਈ ਵੱਧ ਤੋਂ ਵੱਧ ਮੌਕਾ ਮੁਹੱਈਆ ਕਰੋ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ
- ਇਹ ਪੱਕਾ ਕਰੋ ਕਿ ਸਿਹਤ ਅਤੇ ਦੇਖਭਾਲ ਕਰਨ ਵਾਲੇ ਕਰਮਚਾਰੀਆਂ ਨੂੰ ਵੱਖ-ਵੱਖ ਵਿਭਾਗਾਂ ਅਤੇ ਸੰਸਥਾਵਾਂ ਵਿੱਚ, ਜਿੰਨਾ ਸੰਭਵ ਹੋ ਸਕੇ ਚੁਸਤ ਅਤੇ ਲਚਕੀਲੇ ਢੰਗ ਨਾਲ, ਮਿਲ ਕੇ ਕੰਮ ਕਰਨ ਲਈ ਸਮਰਥਨ ਦਿੱਤਾ ਜਾਂਦਾ ਹੈ
- ਸੰਗਠਨਾਤਮਕ ਅਭਿਆਸਾਂ, ਮਿਆਰੀ ਪਹੁੰਚਾਂ ਅਤੇ ਠੇਕੇਦਾਰੀ ਪ੍ਰਬੰਧਾਂ ਦੀ ਸਮੀਖਿਆ ਕਰੋ ਜੋ ਇਸ ਅਭਿਲਾਸ਼ਾ ਵਿੱਚ ਰੁਕਾਵਟ ਪਾ ਸਕਦੇ ਹਨ

## 7. ਅਨੁਪਾਤਕਤਾ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਅਜਿਹੀ ਸਹਾਇਤਾ ਮੁਹੱਈਆ ਕਰਨੀ ਜੋ ਲੋਕਾਂ, ਭਾਈਚਾਰਿਆਂ ਅਤੇ ਸਟਾਫ਼ ਦੀਆਂ ਲੋੜਾਂ ਅਤੇ ਕਾਬਲੀਅਤਾਂ, ਅਤੇ ਫੈਸਲਾ ਲੈਣ ਦੀਆਂ ਪ੍ਰਕਿਰਿਆਵਾਂ ਦੁਆਰਾ ਪਛਾਣੇ ਗਏ ਲਾਭਾਂ ਅਤੇ ਜੋਖਮਾਂ ਦੇ ਅਨੁਪਾਤ ਅਨੁਸਾਰ ਹੋਵੇ।

ਅਨੁਪਾਤਕਤਾ ਬਾਰੇ ਵਿਚਾਰ ਕਰਦੇ ਸਮੇਂ, ਜ਼ਿੰਮੇਵਾਰ ਲੋਕਾਂ ਨੂੰ ਇਹ ਕਰਨਾ ਚਾਹੀਦਾ ਹੈ:

- ਦੇਖਭਾਲ ਅਤੇ ਸਹਾਇਤਾ ਦੀਆਂ ਲੋੜਾਂ ਵਾਲੇ ਲੋਕਾਂ ਦੀ ਸੰਭਵ ਹੱਦ ਤਕ ਸਹਾਇਤਾ ਕਰੋ
- ਕਾਨੂੰਨੀ ਜਾਂ ਵਿਸ਼ੇਸ਼ ਜ਼ਿੰਮੇਵਾਰੀਆਂ 'ਤੇ ਕੰਮ ਕਰੋ, ਉਸ ਕਿਸੇ ਵੀ ਫਰਜ਼ ਨੂੰ ਧਿਆਨ ਵਿੱਚ ਰੱਖਦੇ ਹੋਏ ਜੋ ਪ੍ਰਕੋਪ ਦੇ ਵਿਕਸਿਤ ਹੋਣ ਦੇ ਨਾਲ-ਨਾਲ ਸੋਧਿਆ ਗਿਆ ਹੋ ਸਕਦਾ ਹੈ
- ਉਹਨਾਂ ਲਈ ਸਹਾਇਤਾ ਮੁਹੱਈਆ ਕਰੋ ਜਿਨ੍ਹਾਂ 'ਤੇ ਦੂਜਿਆਂ ਦੀ ਦੇਖਭਾਲ ਕਰਨ ਦੀਆਂ ਵਾਧੂ ਜਾਂ ਨਵੀਆਂ ਜ਼ਿੰਮੇਵਾਰੀਆਂ ਹਨ
- ਉਹਨਾਂ ਲੋਕਾਂ ਲਈ ਸਹਾਇਤਾ ਮੁਹੱਈਆ ਕਰੋ ਜਿਨ੍ਹਾਂ ਨੂੰ ਵਧੇ ਹੋਏ ਜੋਖਮ ਲੈਣ ਲਈ ਕਿਹਾ ਜਾਂਦਾ ਹੈ ਜਾਂ ਜੋ ਵਧੇ ਹੋਏ ਬੋਝ ਦਾ ਸਾਹਮਣਾ ਕਰਦੇ ਹਨ, ਅਤੇ ਨਾਲ ਹੀ ਇਨ੍ਹਾਂ ਨੂੰ ਜਿੰਨਾ ਸੰਭਵ ਹੋ ਸਕੇ ਘੱਟ ਤੋਂ ਘੱਟ ਕਰਨ ਦੀ ਕੋਸ਼ਿਸ਼ ਕਰੋ
- ਸਟਾਫ਼ ਨੂੰ ਉਚਿਤ ਸਹਾਇਤਾ ਅਤੇ ਸੰਚਾਰ ਮੁਹੱਈਆ ਕਰੋ ਜੋ ਅਚਾਨਕ ਜਾਂ ਨਵੇਂ ਦਬਾਵਾਂ ਦਾ ਸਾਹਮਣਾ ਕਰ ਸਕਦੇ ਹਨ

## 8. ਭਾਈਚਾਰਾ

ਇਸ ਸਿਧਾਂਤ ਦੀ ਪਰਿਭਾਸ਼ਾ ਹੈ, ਇੱਕ ਦੂਜੇ ਦੇ ਸਮਰਥਨ ਦੁਆਰਾ ਅਤੇ ਸਾਡੇ ਭਾਜ਼ੀਚਾਰਿਆਂ ਨੂੰ ਸਾਡੀ ਕਾਬਲੀਅਤ ਦੇ ਬਿਹਤਰੀਨ ਪੱਧਰ ਤਕ ਮਜ਼ਬੂਤ ਕਰਦੇ ਹੋਏ ਇਕੱਠੇ ਮਿਲ ਕੇ ਪ੍ਰਕੋਪ ਨੂੰ ਪਾਰ ਕਰਨਾ।

ਸ਼ਾਮਲ ਹਰੇਕ ਵਿਅਕਤੀ ਦੀ ਪ੍ਰਕੋਪ 'ਤੇ ਪ੍ਰਤੀਕਿਰਿਆ ਵਿੱਚ ਭੂਮਿਕਾ ਹੋਵੇਗੀ ਅਤੇ ਇੱਕ ਜਾਂ ਦੂਜੇ ਤਰੀਕੇ ਨਾਲ ਪ੍ਰਭਾਵਿਤ ਹੋਵੇਗੀ, ਅਤੇ ਇਸ ਲਈ ਉਸ ਨੂੰ ਇਹ ਕਰਨਾ ਚਾਹੀਦਾ ਹੈ:

- ਪ੍ਰਕੋਪ ਲਈ ਯੋਜਨਾ ਬਣਾਉਣ, ਇਸ 'ਤੇ ਪ੍ਰਤਿਕਿਰਿਆ ਕਰਨ ਅਤੇ ਇਸ ਨਾਲ ਸਿੱਝਣ ਲਈ ਇੱਕ ਦੂਜੇ ਦੇ ਨਾਲ ਮਿਲ ਕੇ ਕੰਮ ਕਰੋ ਅਤੇ ਇੱਕ ਦੂਜੇ ਦੀ ਸਹਾਇਤਾ ਕਰੋ
- ਸਾਡੇ ਨੈਟਵਰਕਾਂ ਅਤੇ ਭਾਈਚਾਰਿਆਂ ਦੀ ਉਹਨਾਂ ਦੀ ਪ੍ਰਤਿਕਿਰਿਆ ਨੂੰ ਮਜ਼ਬੂਤ ਕਰਨ ਅਤੇ ਪੈਦਾ ਹੋਣ ਵਾਲੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰੋ - ਉਦਾਹਰਣ ਲਈ, ਗੁਆਂਢੀਆਂ, ਦੋਸਤਾਂ ਅਤੇ ਪਰਿਵਾਰ ਦੀ ਸਹਾਇਤਾ ਅਤੇ ਦੇਖਭਾਲ ਕਰਨ ਦੁਆਰਾ
- ਆਪਣੇ ਵਿਹਾਰ ਅਤੇ ਫੈਸਲਿਆਂ ਅਤੇ ਇਹਨਾਂ ਦੁਆਰਾ ਦੂਸਰਿਆਂ ਨੂੰ ਪ੍ਰਭਾਵਿਤ ਕਰਨ ਦੇ ਤਰੀਕੇ ਪ੍ਰਤੀ ਸਚੇਤ ਰਹੋ
- ਆਪਣੇ ਤਜਰਬਿਆਂ ਤੋਂ ਮਿਲੀ ਜਾਣਕਾਰੀ ਨੂੰ ਸਾਂਝਾ ਕਰੋ ਜੋ ਦੂਜਿਆਂ ਦੀ ਮਦਦ ਕਰ ਸਕਦੀ ਹੈ

© ਕ੍ਰਾਉਨ ਕਾਪੀਰਾਈਟ 2020

GOV.UK ਲਈ ਸਿਰਫ pdf ਫਾਰਮੈਟ ਵਿੱਚ ਪ੍ਰਕਾਸ਼ਿਤ ਕੀਤਾ ਗਿਆ।

[ਚੀਫ਼ ਸੋਸ਼ਲ ਵਰਕਰ ਦਾ ਆਫਿਸ]

www.gov.uk/dhsc

ਇਹ ਪ੍ਰਕਾਸ਼ਨ ਓਪਨ ਗਵਰਨਮੈਂਟ ਲਾਇਸੈਂਸ v3.0 ਦੀਆਂ ਸ਼ਰਤਾਂ ਦੇ ਅਧੀਨ ਲਾਇਸੰਸਸ਼ੁਦਾ ਹੈ, ਸਿਵਾਏ ਉਸਦੇ ਜਿੱਥੇ ਕੁਝ ਹੋਰ ਦੱਸਿਆ ਗਿਆ ਹੈ। ਇਸ ਲਾਇਸੈਂਸ ਨੂੰ ਦੇਖਣ ਲਈ, www.nationalarchives.gov.uk/doc/open-government-licence/version/3 'ਤੇ ਜਾਓ

ਜਿੱਥੇ ਅਸੀਂ ਕਿਸੇ ਤੀਜੀ ਧਿਰ ਦੀ ਕਾਪੀਰਾਈਟ ਜਾਣਕਾਰੀ ਦੀ ਪਛਾਣ ਕੀਤੀ ਹੈ ਉੱਥੇ ਤੁਹਾਨੂੰ ਸੰਬੰਧਿਤ ਕਾਪੀਰਾਈਟ ਧਾਰਕਾਂ ਤੋਂ ਇਜਾਜ਼ਤ ਲੈਣ ਦੀ ਲੋੜ ਹੋਵੇਗੀ।

OGL